# ਕੀ ਤੁਸੀਂ ਤਿਆਰ ਹੋ?

**ਰੋਜ਼ਮਰ੍ਹਾ ਦੀ ਜ਼ਿੰਦਗੀ ਵਾਸਤੇ ਅਸੀਂ ਸਾਰੇ ਬਿਜਲੀ 'ਤੇ ਨਿਰਭਰ ਕਰਦੇ ਹਾਂ। ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਾਸਤੇ ਤਿਆਰੀ ਕਰਨ ਵਿੱਚ ਮਦਦ ਲਈ, ਏਥੇ ਵਿਚਾਰ ਕਰਨ ਲਈ ਕੁਝ ਚੀਜ਼ਾਂ ਦਿੱਤੀਆਂ ਜਾ ਰਹੀਆਂ ਹਨ:**

## ਯੋਜਨਾਬੰਦੀ ਦੇ ਮੁੱਢਲੇ ਸਿਧਾਂਤ

**ਆਪਣੀ ਸੰਪਰਕ ਜਾਣਕਾਰੀ** ਜਾਂ ਸੰਪਰਕ ਕਰਨ ਬਾਰੇ ਤਰਜੀਹਾਂ ਨੂੰ **pge.com/mywildfirealerts** 'ਤੇ ਜਾਕੇ ਜਾਂ **1-866-743-6589** 'ਤੇ ਕਾਲ ਕਰਕੇ ਅੱਪਡੇਟ ਕਰੋ।

ਫਲੈਸ਼ਲਾਈਟਾਂ, ਬੈਟਰੀਆਂ, ਮੁੱਢਲੀ ਸਹਾਇਤਾ ਦੀਆਂ ਸਪਲਾਈਆਂ ਅਤੇ ਨਕਦੀ ਨਾਲ **ਆਪਣੀ ਸੰਕਟਕਾਲੀ ਕਿੱਟ ਨੂੰ ਬਣਾਓ ਜਾਂ ਇਸ ਦਾ ਸਟਾਕ ਦੁਬਾਰਾ ਭਰੋ।**

**ਉਹਨਾਂ ਡੀਵਾਈਸਾਂ ਨੂੰ ਚਾਰਜ** ਕਰੋ ਜਿਨ੍ਹਾਂ 'ਤੇ ਤੁਸੀਂ ਹਰ ਦਿਨ ਉਪਯੋਗ ਵਾਸਤੇ ਨਿਰਭਰ ਹੋ ਜਿਵੇਂ ਕਿ ਸੈੱਲਫ਼ੋਨ ਅਤੇ ਲੈਪਟੌਪ।

ਆਪਣੇ ਗੈਰਾਜ ਦੇ ਦਰਵਾਜ਼ੇ ਨੂੰ ਹੱਥੀਂ ਖੋਲ੍ਹਣ ਦਾ **ਅਭਿਆਸ ਕਰੋ।**

## ਉਹਨਾਂ ਗਾਹਕਾਂ ਵਾਸਤੇ ਯੋਜਨਾ ਬਣਾਉਣਾ ਜੋ ਬਿਜਲਈ ਜਾਂ ਬੈਟਰੀ ਨਾਲ ਚੱਲਣ ਵਾਲੀਆਂ ਡੀਵਾਈਸਾਂ 'ਤੇ ਨਿਰਭਰ ਕਰਦੇ ਹਨ

**ਡਾਕਟਰੀ ਲੋੜਾਂ ਵਾਸਤੇ ਯੋਜਨਾ ਬਣਾਓ** ਜਿਵੇਂ ਕਿ ਉਹ ਦਵਾਈਆਂ ਜਿਨ੍ਹਾਂ ਨੂੰ ਫਰਿੱਜ ਵਿੱਚ ਰੱਖਣ ਦੀ ਲੋੜ ਪੈਂਦੀ ਹੈ ਜਾਂ ਉਹ ਡੀਵਾਈਸਾਂ ਜਿਨ੍ਹਾਂ ਨੂੰ ਬਿਜਲੀ ਸਪਲਾਈ ਦੀ ਲੋੜ ਪੈਂਦੀ ਹੈ।

**ਯਕੀਨੀ ਬਣਾਓ ਕਿ ਕੋਈ ਵੀ ਬੈਕਅੱਪ ਪਾਵਰ ਸਰੋਤ ਸੁਰੱਖਿਅਤ ਤਰੀਕੇ ਨਾਲ ਚਲਾਏ ਜਾਣ ਲਈ ਤਿਆਰ ਹੋਣ ਅਤੇ pge.com/backupgeneration** 'ਤੇ ਜਾਕੇ ਸੁਰੱਖਿਆ ਨੁਕਤੇ ਦੇਖੋ।

**ਇੱਕ ਵਾਰ ਜਦ ਬਿਜਲੀ ਦੀ ਸਪਲਾਈ ਮੁੜ-ਬਹਾਲ ਹੋ ਜਾਂਦੀ ਹੈ** ਤਾਂ ਆਪਣੀ ਡੀਵਾਈਸ ਦੀ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੈਟਿੰਗਾਂ ਵਿੱਚ ਤਬਦੀਲੀ ਨਹੀਂ ਹੋਈ ਹੈ ਕਉਂਕਿ ਬਿਜਲੀ ਕੱਟ ਦੌਰਾਨ ਡੀਵਾਈਸਾਂ ਰੀਸੈੱਟ ਹੋ ਸਕਦੀਆਂ ਹਨ।

**ਕੀ ਕਸਿ PSPS ਵਰਤਾਰੇ ਦੌਰਾਨ ਤੁਹਾਨੂੰ ਵਾਧੂ ਮਦਦ ਦੀ ਲੋੜ ਪਵੇਗੀ?** ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਡਾਕਟਰੀ ਜਾਂ ਸੁਤੰਤਰ ਤਰੀਕੇ ਨਾਲ ਜੀਵਨ ਬਸਰ ਕਰਨ ਸੰਬੰਧੀ ਲੋੜਾਂ ਵਾਸਤੇ ਬਜਿਲੀ ਸਪਲਾਈ 'ਤੇ ਨਰਿਭਰ ਕਰਦੇ ਹੋ ਤਾਂ **disabilitydisasteraccess.org** 'ਤੇ ਜਾਕੇ ਕੈਲੀਫੋਰਨੀਆ ਫਾਉਂਡੇਸ਼ਨ ਫਾਰ ਇੰਡੀਪੈਂਡੇਂਟ ਲਵਿੰਿਗ ਸੈਂਟਰਜ਼ (California Foundation for Independent Living Centers) ਨੂੰ ਦੇਖੋ।

ਏਥੇ ਸਾਡਾ ਅਨੁਸਰਣ ਕਰੋ:

Pacific Gas and Electric Company
P.O. Box 997320
Sacramento, CA 95899

# ਜੰਗਲੀ ਅੱਗ ਦੇ ਮੌਸਮ
## ਵਾਸਤੇ ਹੁਣੇ ਤਿਆਰੀ ਕਰੋ

200 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਕੀਤੀ ਸਹਾਇਤਾ ਵਾਸਤੇ, ਕਿਰਪਾ ਕਰਕੇ PG&E ਨਾਲ **1-866-743-6589** 'ਤੇ ਸੰਪਰਕ ਕਰੋ।

ਹੋਰ ਬਰੋਸ਼ਰ ਅੰਗਰੇਜ਼ੀ, ਸਪੈਨਿਸ਼, ਚੀਨੀ, ਵੀਅਤਨਾਮੀ, ਕੋਰੀਆਈ, ਤਾਗਾਲੋਗ, ਰੂਸੀ, ਅਰਬੀ, ਪੰਜਾਬੀ, ਫਾਰਸੀ, ਜਪਾਨੀ, ਖਮੇਰ ਅਤੇ ਹਮੌਂਗ ਵਿੱਚ ਡਾਉਨਲੋਡ ਕਰਨ ਵਾਸਤੇ ਦੇਖੋ **pge.com/psps**.

ਇਸ ਦਸਤਾਵੇਜ਼ ਵਿੱਚ ਸ਼ਾਮਲ ਕੀਤੇ ਗਏ ਕੁਝ ਕੁ ਉਪਾਵਾਂ ਨੂੰ ਵਾਧੂ ਸਾਵਧਾਨੀ ਵਾਲੇ ਉਪਾਵਾਂ ਵਜੋਂ ਸੋਚਿਆ ਗਿਆ ਹੈ ਜਿਨ੍ਹਾਂ ਪਿੱਛੇ ਇਰਾਦਾ ਜੰਗਲੀ-ਅੱਗਾਂ ਦੇ ਖਤਰੇ ਨੂੰ ਹੋਰ ਜ਼ਿਆਦਾ ਘਟਾਉਣਾ ਹੈ। "PG&E" ਤੋਂ ਭਾਵ ਹੈ Pacific Gas and Electric Company, ਜੋ PG&E Corporation ਦੀ ਇੱਕ ਸਹਾਇਕ ਕੰਪਨੀ ਹੈ। ©2020 Pacific Gas and Electric Company. ਸਾਰੇ ਹੱਕ ਰਾਖ਼ਵੇਂ ਹਨ। CCC-0820-2819. 09/02/2020.

# ਜਨਤਕ ਸਲਾਮਤੀ ਲਈ ਬਿਜਲੀ ਕੱਟ

## ਮੁਕਾਬਲਤਨ ਛੋਟਾ ਦਾਇਰਾ, ਘੱਟ ਸਮਾਂ-ਮਿਆਦ ਅਤੇ ਵਧੇਰੇ ਚੁਸਤ ਜਨਤਕ ਸੁਰੱਖਿਆ ਲਈ ਬਿਜਲੀ ਕੱਟ

**ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਵਾਸਤੇ, ਬਹੁਤ ਖਰਾਬ ਮੌਸਮ ਦੇ ਦੌਰਾਨ ਜੰਗਲੀ ਅੱਗਾਂ ਦੇ ਜੋਖਿਮ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਬਿਜਲੀ ਨੂੰ ਬੰਦ ਕਰਨਾ ਜ਼ਰੂਰੀ ਹੋ ਸਕਦਾ ਹੈ।**

ਇਸਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ (Public Safety Power Shutoff) (PSPS) ਵਜੋਂ ਜਾਣਿਆ ਜਾਂਦਾ ਹੈ।

## ਹਾਲਾਂਕਿ ਕੋਈ ਇੱਕ ਕਾਰਕ ਜਨਤਕ ਸਲਾਮਤੀ ਲਈ ਬਿਜਲੀ ਕੱਟ (PSPS) ਦਾ ਕਾਰਨ ਨਹੀਂ ਬਣੇਗਾ, ਪਰ ਕੁਝ ਕੁ ਕਾਰਕਾਂ ਵਿੱਚ ਇਹ ਸ਼ਾਮਲ ਹਨ:

**ਨੈਸ਼ਨਲ ਵੈਦਰ ਸਰਵਿਸ (National Weather Service)** ਵੱਲੋਂ ਘੋਸ਼ਿਤ ਰੈੱਡ ਫਲੈਗ ਵਾਰਨਿੰਗ

**ਨਮੀ ਦੇ ਨੀਵੇਂ ਪੱਧਰ**, ਆਮ ਤੌਰ 'ਤੇ 20 ਪ੍ਰਤੀਸ਼ਤ ਅਤੇ ਇਸ ਤੋਂ ਘੱਟ

25 ਮੀਲ ਪ੍ਰਤੀ ਘੰਟਾ ਤੋਂ ਵੱਧ ਗਤੀ ਵਾਲੀਆਂ **ਨਿਰੰਤਰ ਤੇਜ਼ ਹਵਾਵਾਂ ਅਤੇ ਲਗਭਗ** 45 ਮੀਲ ਪ੍ਰਤੀ ਘੰਟਾ ਤੋਂ ਜ਼ਿਆਦਾ ਗਤੀ ਵਾਲੇ ਤੇਜ਼ ਹਵਾ ਦੇ ਝੌਂਕਿਆਂ ਦੀ ਭਵਿੱਖਬਾਣੀ

**ਜ਼ਮੀਨ ਉੱਤੇ ਖੁਸ਼ਕ ਈਂਧਨ ਦੀ ਸਥਿਤੀ** ਅਤੇ ਜਿੰਦਾ ਬਨਸਪਤੀ (ਉਦਾਹਰਨ ਲਈ ਨਮੀ ਦੀ ਮਾਤਰਾ)

**ਜ਼ਮੀਨ ਉੱਤੇ, ਅਸਲ-ਸਮੇਂ ਵਿੱਚ ਕੀਤੇ ਗਏ ਪ੍ਰੇਖਣ**

**ਹੋਰ ਜਾਣੋ** | PG&E ਦੀਆਂ ਜੰਗਲੀ-ਅੱਗ ਤੋਂ ਸੁਰੱਖਿਆ ਦੀਆਂ ਕੋਸ਼ਿਸ਼ਾਂ ਬਾਰੇ ਤਾਜ਼ਾ ਜਾਣਕਾਰੀ ਵਾਸਤੇ, ਕਿਰਪਾ ਕਰਕੇ ਦੇਖੋ **pge.com/wildfiresafety**.

# PG&E ਕਿਸ ਤਰ੍ਹਾਂ PSPS ਵਰਤਾਰਿਆਂ ਦੇ ਗਾਹਕਾਂ 'ਤੇ ਪੈਣ ਵਾਲੇ ਅਸਰ ਨੂੰ ਘਟਾ ਰਹੀ ਹੈ?

ਹਾਲਾਂਕਿ ਬਿਜਲੀ ਬੰਦ ਕਰਨਾ ਜੰਗਲੀ-ਅੱਗਾਂ ਨੂੰ ਰੋਕ ਸਕਦਾ ਹੈ, ਪਰ ਇਹ ਜ਼ਿੰਦਗੀਆਂ ਵਿੱਚ ਵਿਘਨ ਵੀ ਪਾ ਸਕਦਾ ਹੈ ਅਤੇ ਇਸ ਵਿੱਚ ਜੋਖ਼ਮ ਵੀ ਸ਼ਾਮਲ ਹਨ, ਖਾਸ ਕਰਕੇ ਉਹਨਾਂ ਲੋਕਾਂ ਵਾਸਤੇ ਜਿਨ੍ਹਾਂ ਨੂੰ ਡਾਕਟਰੀ ਜਾਂ ਸੁਤੰਤਰ ਤਰੀਕੇ ਨਾਲ ਰਹਿਣ ਸੰਬੰਧੀ ਲੋੜਾਂ ਵਾਸਤੇ ਬਿਜਲੀ ਦੀ ਲੋੜ ਹੁੰਦੀ ਹੈ।

### ਇਸੇ ਕਰਕੇ PG&E, PSPS ਵਰਤਾਰਿਆਂ:

- **ਦਾ ਸਾਈਜ਼ (ਇਲਾਕੇ ਦਾ ਦਾਇਰਾ)**
  **ਮੁਕਾਬਲਤਨ ਛੋਟਾ ਕਰ ਰਹੀ ਹੈ ਜਿਸ ਨਾਲ 2019 ਦੇ ਮੁਕਾਬਲੇ ਪ੍ਰਭਾਵਿਤ** ਗਾਹਕਾਂ ਦੀ ਸੰਖਿਆ ਘਟ ਕੇ ਇੱਕ-ਤਿਹਾਈ ਰਹਿ ਜਾਵੇਗੀ।
- **ਦੀ ਸਮਾਂ-ਮਿਆਦ**
  **ਮੁਕਾਬਲਤਨ ਘਟਾ ਰਹੀ ਹੈ ਜਿਸ ਨਾਲ ਤੀਬਰ ਮੌਸਮ ਦੇ ਗੁਜ਼ਰ ਜਾਣ ਦੇ ਬਾਅਦ ਦੈਨਿਕ ਰੋਸ਼ਨੀ ਦੇ 12 ਘੰਟਿਆਂ** ਅੰਦਰ ਗਾਹਕਾਂ ਵਾਸਤੇ ਬਿਜਲੀ ਸਪਲਾਈ ਮੁੜ-ਬਹਾਲ ਹੋ ਜਾਵੇਗੀ।
- **ਨੂੰ ਗਾਹਕਾਂ ਵਾਸਤੇ ਵਧੇਰੇ ਚੁਸਤ ਬਣਾ ਰਹੀ ਹੈ**
  **ਜਿਸ ਵਿੱਚ ਗਾਹਕਾਂ ਨੂੰ ਵਧੇਰੇ ਸਟੀਕ ਅਤੇ ਸਮੇਂ ਸਿਰ ਸੰਚਾਰ** ਅਤੇ ਵਾਧੂ ਸਰੋਤ ਪ੍ਰਦਾਨ ਕੀਤੇ ਜਾ ਰਹੇ ਹਨ।

## PSPS ਵਰਤਾਰਿਆਂ ਬਾਰੇਤੁਹਾਨੂੰ ਕਿਵੇਂ ਪਤਾ ਚੱਲੇਗਾ?

ਜਿੱਥੇ ਵੀ ਸੰਭਵ ਹੋਵੇ, PG&E ਦੋ ਦਿਨ ਪਹਿਲਾਂ, ਇੱਕ ਦਿਨ ਪਹਿਲਾਂ ਅਤੇ ਫੇਰ ਬਿਜਲੀ ਸਪਲਾਈ ਬੰਦ ਕਰਨ ਤੋਂ ਠੀਕ ਪਹਿਲਾਂ ਅਗਾਊਂ ਸੂਚਨਾਵਾਂ ਪ੍ਰਦਾਨ ਕਰਾਵੇਗੀ। ਸੂਚਨਾਵਾਂ **ਕਾਲਾਂ, ਲਿਖਤੀ ਸੰਦੇਸ਼ਾਂ ਜਾਂ ਈਮੇਲਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਇਹਨਾਂ ਵਿੱਚ ਬਿਜਲੀ ਸਪਲਾਈ ਮੁੜ-ਬਹਾਲ ਕਰਨ ਦਾ ਅੰਦਾਜ਼ਨ ਸਮਾਂ ਸ਼ਾਮਲ ਹੋਵੇਗਾ।**

**ਮੈਡੀਕਲ ਬੇਸਲਾਈਨ** ਦੇ ਗਾਹਕ ਫ਼ੋਨ ਉਠਾਕੇ ਜਾਂ ਸਾਡੇ ਲਿਖਤੀ ਸੰਦੇਸ਼ਾਂ ਦਾ ਜਵਾਬ ਦੇ ਕੇ ਸਾਨੂੰ ਇਹ ਦੱਸ ਸਕਦੇ ਹਨ ਕਿ ਤੁਸੀਂ ਸਾਡੀਆਂ **ਸੂਚਨਾਵਾਂ ਪ੍ਰਾਪਤ ਕਰ ਲਈਆਂ ਹਨ।**

ਅਸੀਂ **pge.com**, **ਸੋਸ਼ਲ ਮੀਡੀਆ** ਦੀ ਵਰਤੋਂ ਵੀ ਕਰਾਂਗੇ ਅਤੇ ਅਸੀਂ **ਸਥਾਨਕ ਖ਼ਬਰਾਂ, ਰੇਡੀਓ ਆਊਟਲੈੱਟਾਂ** ਅਤੇ **ਭਾਈਚਾਰਾ-ਆਧਾਰਿਤ ਸੰਗਠਨਾਂ** ਨੂੰ ਵੀ ਸੂਚਿਤ ਕਰਾਂਗੇ।

# ਬਿਜਲੀ ਦੀਆਂ ਲਾਈਨਾਂ ਲੰਬੀਆਂ ਦੂਰੀਆਂ ਤੱਕ ਜਾਂਦੀਆਂ ਹਨ

ਜੇ ਤੀਬਰ ਮੌਸਮ ਇਸਦੇ ਕਿਸੇ ਵੀ ਭਾਗ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਪੂਰੀ ਲਾਈਨ ਨੂੰ ਬੰਦ ਕਰਨ ਦੀ ਲੋੜ ਪੈ ਸਕਦੀ ਹੈ। ਜੇ ਤੁਹਾਨੂੰ ਸੇਵਾ ਪ੍ਰਦਾਨ ਕਰਾਉਣ ਵਾਲੀ ਲਾਈਨ ਪ੍ਰਭਾਵਿਤ ਹੋ ਜਾਂਦੀ ਹੈ, ਤਾਂ ਤੁਹਾਡੀ ਬਿਜਲੀ ਤਾਂ ਵੀ ਬੰਦ ਕੀਤੀ ਜਾ ਸਕਦੀ ਹੈ, ਜੇ ਤੁਹਾਡੇ ਘਰ ਕੋਲ ਤੇਜ਼ ਹਵਾ ਨਹੀਂ ਵੀ ਚੱਲ ਰਹੀ।




## ਜਦ ਤੁਸੀਂ ਕਿਸੇ PSPS ਵਰਤਾਰੇ ਬਾਰੇ ਸੂਚਨਾ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਸਾਡੀਆਂ ਸੁਚੇਤਨਾਵਾਂ (alerts) **ਵਾਸਤੇ ਚੌਕਸ ਰਹੋ ਅਤੇ ਫ਼ੋਨ ਉਠਾਓ ਅਤੇ ਹੈਲੋ ਕਹੋ ਜਾਂ ਸਾਡੇ ਲਿਖਤੀ ਸੰਦੇਸ਼ ਦਾ ਜਵਾਬ "1"** ਲਿਖਕੇ ਦਿਓ ਤਾਂ ਜੋ ਸਾਨੂੰ ਪਤਾ ਚੱਲ ਜਾਵੇ ਕਿ ਤੁਸੀਂ ਸਾਡੀਆਂ ਸੂਚਨਾਵਾਂ ਪ੍ਰਾਪਤ ਕਰ ਲਈਆਂ ਹਨ।

ਨਿਮਨਲਿਖਤ ਚੀਜ਼ਾਂ ਬਾਰੇ ਜਾਣਨ ਲਈ **pge.com/pspsupdates** ਦੇਖੋ:

- ਕੀ ਤੁਹਾਡਾ ਪਤਾ ਪ੍ਰਭਾਵਿਤ ਹੋਵੇਗਾ
- ਕਿਹੜੇ ਇਲਾਕਿਆਂ ਅਤੇ ਕਾਊਂਟੀਆਂ 'ਤੇ ਅਸਰ ਪੈ ਸਕਦਾ ਹੈ
- ਬਿਜਲੀ ਸਪਲਾਈ ਕਦੋਂ ਮੁੜ-ਬਹਾਲ ਕੀਤੀ ਜਾਵੇਗੀ
- ਭਾਈਚਾਰਕ ਸਰੋਤ ਕੇਂਦਰ (Community Resource Centers) (CRC) ਤੁਹਾਡੇ ਇਲਾਕੇ ਵਿੱਚ ਕਿੱਥੇ ਸਥਿਤ ਹਨ
- ਤੁਹਾਨੂੰ ਤਿਆਰੀ ਕਰਨ ਵਿੱਚ ਮਦਦ ਕਰਨ ਲਈ ਸਰੋਤ

## ਹੋਰ ਜਾਣਕਾਰੀ ਤੁਸੀਂ ਕਿੱਥੋਂ ਲੈ ਸਕਦੇ ਹੋ?

**ਮੌਸਮ ਅਤੇ PSPS ਦੀ ਭਵਿੱਖਬਾਣੀ ਕਰਨਾਮੌਸਮ ਦੀ ਲਾਈਵ ਜਾਣਕਾਰੀ,** ਜਿਸ ਵਿੱਚ 7-ਦਿਨ ਲਈ PSPS ਵਾਸਤੇ ਸੰਭਾਵੀ ਅਨੁਮਾਨ ਵੀ ਸ਼ਾਮਲ ਹਨ। **pge.com/weather**

**ਬੈਕਅਪ ਪਾਵਰ**
ਵਿਕਲਪ, ਸੁਰੱਖਿਆ ਸੰਬੰਧੀ ਸੁਝਾਅ, ਵਿੱਤੀ ਸਹਾਇਤਾ ਅਤੇ ਪ੍ਰਚੂਨ ਵਿਕਰੇਤਾ ਬਾਰੇਜਾਣਕਾਰੀ। **pge.com/backuppower**

**ਸੇਫਟੀ ਐਕਸ਼ਨ ਸੈਂਟਰ**
ਜੰਗਲੀ ਅੱਗਾਂ ਦੇ ਖਤਰਿਆਂ ਅਤੇ ਸੰਕਟਕਾਲੀ ਤਿਆਰੀ ਬਾਬਤ ਜਾਣਕਾਰੀ। **safetyactioncenter.pge.com**

**ਜ਼ਿੱਪ ਕੋਡ ਸੁਚੇਤਨਾਵਾਂ**
ਬਿਨਾਂ ਕਿਸੇ PG&E ਖਾਤੇ ਤੋਂ ਅਧਿਸੂਚਨਾਵਾਂ ਵਾਸਤੇ ਸਾਈਨ ਅੱਪ ਕਰੋ। **pge.com/pspszipcodealerts**

ਏਥੋਂ ਕੱਟੋ ਅਤੇ ਕਿਸੇ ਪਹੁੰਚਯੋਗ ਸਥਾਨ ਵਿੱਚ ਪੋਸਟ ਕਰੋ

# ਸੰਕਟਕਾਲੀਨ ਸੰਪਰਕ ਜਾਣਕਾਰੀ

ਕਿਸੇ ਡਾਕਟਰੀ ਸੰਕਟਕਾਲ ਦੀ ਸੂਰਤ ਵਿੱਚ 911 ਨੂੰ ਤੁਰੰਤ ਕਾਲ ਕਰੋ।

**ਨਜ਼ਦੀਕੀ ਹਸਪਤਾਲ:**

ਫੋਨ ਨੰਬਰ:

**ਪਰਿਵਾਰਕ ਡਾਕਟਰ:**

ਫੋਨ ਨੰਬਰ:

**ਸਥਾਨਕ ਪੁਲਸਿ ਸਟੇਸ਼ਨ ਦਾ ਫ਼ੋਨ ਨੰਬਰ:**

**ਪਰਵਿਾਰਕ ਮੈਂਬਰ ਦਾ ਨਾਮ:**

ਫੋਨ ਨੰਬਰ:

**ਗੁਆਂਢੀ ਦਾ ਨਾਮ:**

ਫੋਨ ਨੰਬਰ:

**ਸੰਕਟਕਾਲ ਵਿੱਚ ਮਿਲਣ ਦਾ ਟਿਕਾਣਾ:**

**ਤੀਬਰ ਮੌਸਮ ਵਾਸਤੇ ਆਪਣੀ ਖੁਦ ਦੀ ਯੋਜਨਾ ਬਣਾਓ। ਪੇਸ਼ ਆ ਸਕਦੀ ਕਿਸੇ ਵੀ ਸੰਕਟਕਾਲੀ ਪ੍ਰਸਥਿਤੀ ਵਾਸਤੇ ਉਪਰੋਕਤ ਸੂਚੀ ਪੋਸਟ ਕਰਕੇ ਰੱਖੋ। ਜਾਣੋ ਕਿ ਤੁਹਾਡੀ ਸੰਕਟਕਾਲੀ ਕਿੱਟ ਕਿੱਥੇ ਸਟੋਰ ਕੀਤੀ ਹੋਈ ਹੈ ਅਤੇ ਇਸਨੂੰ ਬਕਾਇਦਾ ਤੌਰ 'ਤੇ ਅੱਪਡੇਟ ਕਰੋ।**

**ਜਦ ਤੁਸੀਂ ਸਾਡੀਆਂ ਸੂਚਨਾਵਾਂ ਪ੍ਰਾਪਤ ਕਰ ਲੈਂਦੇ ਹੋ ਤਾਂ ਨਿਮਨਲਿਖਤ ਦੁਆਰਾ ਸਾਨੂੰ ਸੂਚਿਤ ਕਰਨਾ ਯਕੀਨੀ ਬਣਾਓ:**

**ਇਸ ਨੰਬਰ ਤੋਂ ਮਿਲੀਆਂ ਕਾਲਾਂ ਦਾ ਜਵਾਬ ਦੇਣਾ:**
**1-800-743-5002**

**ਇਸ ਨੰਬਰ ਤੋਂ ਮਿਲੇ ਸੰਦੇਸ਼ਾਂ ਦਾ ਜਵਾਬ ਦੇਣਾ:**
**976-33**

**ਇਸ ਪਤੇ ਤੋਂ ਮਿਲੀਆਂ ਈਮੇਲਾਂ ਨੂੰ ਖੋਲ੍ਹਣਾ:**
**PGECustomerService@notifications.pge.com**

**ਸੁਝਾਅ:** PG&E ਦੇ ਸੰਕਟਕਾਲੀ ਸੰਪਰਕ ਨੰਬਰ ਨੂੰ ਆਪਣੇ ਫ਼ੋਨ ਵਿੱਚ ਰੱਖਿਅਤ ਕਰੋ।